# ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ) ਬਠਿੰਡਾ

deoee.bathinda@punjabeducation.gov.in Ph No. 0164-2217195

ਵੱਲ

ਸਮੂਹ ਸਕੂਲ ਮੁਖੀ ,
ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ
ਜਿਲ੍ਹਾ ਬਠਿੰਡਾ।
ਪੱਤਰ ਨੰ:ਜੀ-1/()/2022-23/ 1ED/2419
ਮਿਤੀ ਬਠਿੰਡਾ : 04/11/2022

ਵਿਸ਼ਾ ਡੇਗੂੰ ਅਤੇ ਮਲੇਰੀਏ ਦੀ ਰੋਕਥਾਮ ਲਈ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ ।

ਹਵਾਲਾ ਅੱਜ ਮਿਤੀ 04/11/2022 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨਾਲ ਹੋਈ ਮੀਟਿੰਗ ਸਬੰਧੀ ।

ਹਵਾਲਾ ਅਧੀਨ ਵਿਸ਼ਾ ਅੰਕਿਤ ਸਬੰਧੀ ਨਵੰਬਰ ਮਹੀਨੇ ਡੇਗੂੰ ਦੇ ਫੈਲਣ ਦਾ ਸਮਾਂ ਹੈ ਤਾਂ ਇਸ ਸਮੇਂ ਹਦਾਇਤਾਂ ਦੀ ਪਾਲਣਾ ਹੋਰ ਵੀ ਜਰੂਰੀ ਹੋ ਜਾਂਦੀ ਹੈ । ਪਿਛਲੇ ਦਿਨੀ ਸਿਹਤ ਵਿਭਾਗ ਵੱਲੋਂ ਕੀਤੀ ਚੈਕਿੰਗ ਦੌਰਾਨ 32 ਸਰਕਾਰੀ ਸੰਸਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਣ ਕਾਰਨ ਉਹਨਾਂ ਨੂੰ ਜੁਰਮਾਨਾ ਕੀਤਾ ਗਿਆ ਸੀ । ਇਸ ਲਈ ਮਲੇਰੀਆ ਅਤੇ ਡੇਗੂੰ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਇਹਨਾਂ ਬੀਮਾਰੀਆਂ ਤੋਂ ਬਚਾਅ ਸਬੰਧੀ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਸਕੂਲ ਵਿੱਚ ਪੜ੍ਹਦੇ ਬੱਚਿਆਂ ਨੂੰ ਹੇਠ ਲਿਖੇ ਅਨੁਸਾਰ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ :

1. ਸਕੂਲਾਂ ਵਿੱਚ ਸਵੇਰ ਦੀ ਸਭਾ ਸਮੇਂ ਬੱਚਿਆਂ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਅ ਸਬੰਧੀ ਉਪਾਅ ਦੱਸੇ ਜਾਣ ਜਿਵੇ ਸੌਣ ਸਮੇਂ ਰਾਤ ਨੂੰ ਸਰੀਰ ਨੂੰ ਢੱਕ ਕੇ ਰੱਖਣਾ , ਮੱਛਰਦਾਨੀਆਂ ਅਤੇ ਮੱਛਰ ਭਜਾਓ ਕਰੀਮਾਂ ਅਤੇ ਧੂੰਏ ਵਾਲੀਆਂ ਟਿੱਕੀਆਂ ਦਾ ਪ੍ਰਯੋਗ ਕਰਨਾ ।
2. ਪੂਰੀਆਂ ਬਾਹਾਂ ਵਾਲੇ ਅਤੇ ਪੂਰੇ ਸ਼ਰੀਰ ਨੂੰ ਢੱਕਣ ਵਾਲੇ ਕੱਪੜੇ ਹੀ ਪਾਓ ।
3. ਹਰ ਹਫਤੇ "FRIDAY AS DRY DAY" ਸਲੋਗਨ ਤਹਿਤ ਬੱਚਿਆਂ ਨੂੰ ਦੱਸਣਾ ਕਿ ਹਰ ਸ਼ੁੱਕਰਵਾਰ ਘਰਾਂ ਵਿੱਚ ਆਪਣੇ ਕੂਲਰਾਂ, ਪਾਣੀ ਵਾਲੀਆ ਟੈਂਕੀਆਂ ਆਦਿ ਦੀ ਸਫਾਈ ਕਰਕੇ ਇਹਨਾਂ ਨੂੰ ਸੁਕਾਉਣਾ ।
4. ਹਰ ਹਫਤੇ ਹਰ "ਐਤਵਾਰ ਡੇਗੂੰ ਤੇ ਵਾਰ ਸਲੋਗਨ ਤਹਿਤ ਬੱਚਿਆਂ ਨੂੰ ਘਰਾਂ ਦੀ ਸਫਾਈ ਅਤੇ ਆਲੇ ਦੁਆਲੇ ਦੀ ਸਫਾਈ ਸਬੰਧੀ ਜਾਗਰੂਕ ਕਰਵਾਉਣਾ ।
5. ਘਰਾਂ ਦੇ ਆਲੇ ਦੁਆਲੇ ਅਤੇ ਛੱਤਾਂ ਤੇ ਪਾਣੀ ਇਕੱਠਾ ਨਾ ਹੋਣ ਦਿਓ ।
6. ਟਾਇਰ,ਫਾਲਤੂ ਬਰਤਨ ,ਗਮਲੇ,ਡ੍ਰੱਮ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ ।
7. ਡੂੰਘੇ ਟੋਇਆ ਨੂੰ ਮਿੱਟੀ ਨਾਲ ਭਰੋ ਅਤੇ ਖੜੇ ਪਾਣੀ ਵਿੱਚ ਮੱਚਿਆਂ ਕਾਲਾ ਤੇਲ ਪਾਓ ।
8. ਫੋਗਿੰਗ (ਦਵਾਈ ਛਿੜਕਾਅ ਵਾਲੀ) ਮਸ਼ੀਨ ਆਉਣ ਤੇ ਆਪਣੇ ਘਰਾਂ ਦੀਆਂ ਬੂਹੇ ਬਾਰੀਆਂ ਖੋਲ ਦਿਓ ।
9. ਹਰੇਕ ਵੀਰਵਾਰ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਪੈਂਫਲੈਂਟਾ ਵਿੱਚੋ ਪੜ੍ਹ ਕੇ ਮਲੇਰੀਏ ਅਤੇ ਡੇਗੂੰ ਦੀ ਰੋਕਥਾਮ ਸਬੰਧੀ ਜੋ ਉਪਾਅ ਦੱਸੇ ਗਏ ਹਨ ਉਹ ਸਾਂਝੇ ਕੀਤੇ ਜਾਣ ।
10. ਬੁਖਾਰ ਹੋਣ ਤੇ ਨੇੜੇ ਦੇ ਸਰਕਾਰੀ ਸਿਹਤ ਸੰਸਥਾਂ ਨਾਲ ਸੰਪਰਕ ਕਰੋ ।

ਉਕਤ ਤੋਂ ਇਲਾਵਾ ਸਿਹਤ ਵਿਭਾਗ ਵੱਲੋਂ ਪਹਿਲਾ ਭੇਜੇ ਪੈਂਫਲੈਟ ਨਾਲ ਨੱਥੀ ਕਰਕੇ ਭੇਜੇ ਜਾਂਦੇ ਹਨ । ਆਪ ਵੱਲੋਂ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਪੈਂਫਲੈਟਾਂ ਨੂੰ ਜਿਆਦਾ ਤੋਂ ਜਿਆਦਾ ਡਿਸਪਲੇਅ ਕੀਤਾ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) 4/11/22
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ (ਐ.ਸਿ) 4/11/2022
ਬਠਿੰਡਾ।